ਕਰਦਾ ਬਾਹਰ ਨਿੰਮ ਹੇਠਾਂ ਵਹਿੜਕਦਾ ਬੈਠਣ ਆ ਗਿਆ ਸੀ "ਪੁੱਤ ਸੰਤ ਮਹਾਰਾਜ ਤਾਂ ਕਹਿੰਦੇ ਆ ਕਿ ਭਾਣੀ ਸ਼ਾਂਤੀ ਰੱਖੋ, ਜੋ ਕੁਝ ਹੋ ਰਿਹਾ ਏ ਉਸਦੇ ਭਾਣੇ ਵਿਚ ਹੋ ਰਿਹੈ, ਬੱਸ ਨਾਮ ਜਪੋ ਅਗਲਾ ਜਨਮ ਸੰਵਾਰੋ।" ਬੇਬੇ ਨੇ ਸ੍ਰੀ ਸਾਹਿਬ ਨੂੰ ਠੀਕ ਕਰਦਿਆਂ ਕਿਹਾ "ਮਾਂ-ਮੇਰੀਏ ਇਹ ਸੰਤ ਤਾਂ ਸ਼ਾਂਤੀ ਨੂੰ ਐਂਗ ਲਾਉਂਦੇ ਐ। ਪਿਛਲੇ ਸਾਲ ਕੀ ਹੋਇਆ ਸੀ ਬਾਬੇ ਦਾ ਕਿਸੇ ਬਾਹਰਲੇ ਮੁਲਕ 'ਚ ਕਤਲ ਹੋ ਗਿਆ ਸੀ ਤੇ ਸਿਰ ਏਥੇ ਪਾਟ ਰਹੇ ਸਨ। ਐਂਗਾਂ ਲੱਗ ਰਹੀਆਂ ਸਨ। ਚਲ ਤੇਰੀ ਮੰਨ ਲੈਂਦੇ ਹਾਂ ਬਾਬੇ ਤਾਂ ਸ਼ਾਂਤੀ ਰੱਖ ਲੈਣਗੇ ਪਰ ਜੋ ਆਮ ਬੰਦਾ ਜੋ ਦਿਨ ਦਿਹਾੜੇ ਠੱਗਿਆ ਜਾ ਰਿਹੈ ਮਹਿੰਗਾਈ ਨਾਲ ਨਪੀੜਿਆ ਜਾ ਰਿਹੈ ਉਹ ਸ਼ਾਂਤੀ ਕਿਵੇਂ ਰੱਖ ਲੂ। ਇਹ ਤਾਂ ਜਿੰਨਾ ਦੇ ਦਿਮਾਗ 'ਚ ਥੋੜ੍ਹਾ ਬਹੁਤ ਚਾਨਣ ਐ ਉਨ੍ਹਾਂ ਨੂੰ ਵੀ ਪਤਾ ਹੈ ਕਿ ਐਂਜ ਕੌਲ ਦੇ ਬਾਬੇ ਅੰਮ੍ਰਿਤ ਪਾਨ ਕਰਵਾ ਕੇ ਕਰੰਗੜੀ ਚਲਾਉਣ ਲਈ ਨਹੀਂ ਸਗੋਂ ਲਮਕਾਉਣ ਲਈ ਪੁਆਉਂਦੇ ਹਨ। ਲਮਕਾ ਕੇ ਤੁਰੇ ਫਿਰੋ। ਤੂੰ ਦੱਸ ਅੰਮ੍ਰਿਤ ਛਕਾਉਣ ਵਾਲਿਆ ਨੇ ਕਿਹੜਾ ਧੁੱਪ ਲੜਿਐ? ਉਹ ਤੁਹਾਨੂੰ ਕਿਵੇਂ ਕਹਿ ਦੇਣਗੇ ਕਿ ਕਰੰਗੜੀ ਚਲਾਓ?" ਵੋਟਾਂ ਦੇ ਦਿਨਾਂ ਵਿਚ ਇਹ ਬਾਬੇ ਪਾਰਟੀਆਂ ਦੇ ਏਜੰਟ ਬਣ ਜਾਂਦੇ ਆ। ਇਨ੍ਹਾਂ ਵੱਲੋਂ ਕੀ ਐ ਭਾਵੇਂ ਤੇਰੇ ਪੁੱਤ ਵਰਗਿਆਂ ਦੀ ਉਮਰ ਨੌਕਰੀ ਦੀ ਉਡੀਕ ਕਰਦਿਆਂ ਲੰਘ ਜੇ, ਚਾਹੇ ਤੇਰੇ ਪੁੱਤ ਵਰਗੇ ਪੁੱਤਾਂ ਦੀ ਮੰਡੀ ਲਿਆਂਦੀ ਜਿਣਸ ਨੂੰ ਕੋਈ ਦਸ ਦਸ ਦਿਨ ਨਾ ਪੁੱਛੇ, ਤਕੜੇ ਸੇਠ ਨੇ ਮਾਸੜ ਦੇ ਪਿੰਡ ਧੌਲੇ ਬੰਨੀ ਲੋਕਾਂ ਦੀ ਜ਼ਮੀਨ ਰੋਕ ਲਈ ਐ, ਤਕੜੇ ਮਾੜੇ ਦੀਆਂ ਧੀਆਂ ਨਾਲ ਖੇਹ ਖਾਹ ਲੈਣ, ਉਹ ਦਾਜ ਖਾਤਰ ਮਾਰੀ ਜਾਣ ਜਾਂ ਜਨਮ ਲੈਣ ਤੋਂ ਪਹਿਲਾਂ ਮਰੀ ਜਾਣ ਸੰਤਾਂ ਨੂੰ ਕੋਈ ਫਿਕਰ ਨਹੀਂ ਐ। ਉਨ੍ਹਾਂ ਨੂੰ ਤਾਂ ਐਨੇ ਯੁੱਧ ਦੇ ਮੈਦਾਨ ਪਏ ਆ ਫਿਰ ਵੀ ਕਰੰਗੜੀ ਚਲਾਉਣ ਲਈ ਕੋਈ ਵੀ ਨਹੀਂ ਦਿਸਦਾ, ਸਿਰਫ ਸ਼ਾਂਤੀ ਹੀ ਦਿਸਦੀ ਐ। ਬੱਸ ਕੁਝ ਨਾ ਕਰੋ ਕਰੰਗੜੀ ਪਾ ਕੇ ਤੁਰੇ ਫਿਰੋ ਕਿਉਂਕਿ ਸਭ ਕੁਝ ਉਸਦੇ ਭਾਣੇ ਵਿਚ ਹੀ ਤਾਂ ਹੋ ਰਿਹੈ ਇਹ ਗੱਲ ਤਾਂ ਦਸਮ ਪਿਤਾ ਨੇ ਵੀ ਨਹੀਂ ਸੀ ਮੰਨੀ। ਉਨ੍ਹਾਂ ਕਿਲੇ ਉਸਾਰੇ ਤੇ ਯੁੱਧ ਲੜੇ ਤੇ ਇਹ ਠਾਠਾਂ ਉਸਾਰ ਰਹੇ ਹਨ।" ਉਸਨੇ ਮਾਂ ਨੂੰ ਕਿਹਾ ਤੇ ਉਹ ਨਿੰਮ ਦੀ ਛਾਂ ਹੇਠ ਖੜ ਗਿਆ ਕਿਉਂਕਿ ਏਥੇ ਅਰਾਮਦਾਇਕ ਸੀ। "ਵੇ ਪੁੱਤ ਤੇਰੇ ਨਾਲ ਕੌਣ ਬਹਿਸੇ? ਪਤਾ ਨਹੀਂ ਜ਼ਮਾਨੇ ਨੂੰ ਕੀ ਐਂਗ ਲੱਗੀ ਐ। ਜੀਹਦੇ ਦਿਮਾਗ 'ਚ ਚਾਰ ਅੱਖਰ ਪੈ ਜਾਣ ਉਹ ਗੱਲੀਬਾਤੀ ਕਿਸੇ ਨੂੰ ਬਾਰੇ ਨੀਂ ਆਉਣ ਦਿੰਦਾ। ਬੇਬੇ ਕੋਲ ਪੁੱਤ ਦੀਆਂ ਗੱਲਾਂ ਦਾ ਕੋਈ ਜਵਾਬ ਨਹੀਂ ਸੀ। ਪੁੱਤ ਦੀ ਇਕ ਇਕ ਗੱਲ ਸਹੀ ਸੀ। ਉਸਨੂੰ ਪੜਵੇ ਲਿਖੇ ਪੁੱਤ ਨੂੰ ਅਜਿਹੀ ਹਾਲਤ 'ਚ ਦੇਖ ਕੇ ਤਰਸ ਵੀ ਆਇਆ ਤੇ ਇਕ ਲੰਬਾ ਹਾਉਕਾ ਭਰਿਆ ਤੇ ਐਂਗੇ ਬੋਲੀ "ਚਲ ਠੀਕ ਐ ਪੁੱਤ ਪਾਂਡਾ ਆਉਣ ਵਾਲਾ ਆ ਗਿਆ ਤੇ ਅਸੀਂ ਘਰੇ ਬਹਾ ਲਿਆ। ਆਂਢ ਗੁਆਂਢ ਦੀਆਂ ਬੁੜੀਆਂ ਬੈਠੀਆਂ ਹਨ ਜੇ ਤੂੰ ਕੁਝ ਕਿਹਾ ਤਾਂ ਐਵੇਂ ਬੁਰਾ ਮਨਾਉਣਗੀਆਂ ਨਾਲੇ ਮੈਂ ਹੌਲੀ ਪਵਾਂਗੀ।" ਉਸ ਐਂਗੇ ਵਧਦਿਆ ਕਿਹਾ, "ਚਲ ਠੀਕ ਐ ਬੇਬੇ ਤੁਸੀਂ ਆਵਦਾ ਝੱਸ ਪੂਰਾ ਕਰੋ। ਜੇ ਤੂੰ ਸੌੜੀ ਬਰੇਤਰੀ ਹੋ ਕੇ ਵੀ ਸਮਝਣਾ ਨਹੀਂ ਚਾਹੁੰਦੀ ਤਾਂ ਮੈਂ ਤੈਨੂੰ ਕੀ ਕਹਾਂ? ਤੇਰੀ ਸਮਝ ਤੈਨੂੰ ਮੁਬਾਰਕ।" ਉਹ ਘਰ ਅੰਦਰ ਆਇਆ ਤੇ ਗੁਸਲਖਾਨੇ ਕੋਲ ਆ ਕੇ ਟੂਟੀ ਛੱਡੀ ਤੇ ਲੱਤਾਂ ਬਾਹਾਂ ਤੇ ਪਾਣੀ ਪਾਇਆ। ਇੰਜ ਕਰਨ ਨਾਲ ਚਰੀ ਤੇ ਪੱਤਿਆਂ ਦੇ ਵੱਜੇ ਧੋਛਾਂ ਦੀ ਜਲੂਣ ਤੋਂ ਕੁਝ ਰਾਹਤ ਮਿਲੀ ਮੂੰਹ ਤੇ ਪਾਣੀ ਦੇ ਕੁਝ ਛਿੱਟੇ ਮਾਰੇ ਅਤੇ ਵਰਾਂਡੇ ਵੱਲ ਆਇਆ। ਆਂਢ ਗੁਆਂਢ ਦੀਆਂ ਕੁੜੀਆਂ ਬੁੜੀਆਂ ਆਪਣੀ ਕਿਸਮਤ ਦੀ ਰੇਖ ਵਿਚ ਮੇਖ ਵੱਜਣ ਦੀ ਆਸ ਨਾਲ ਪੰਡਤ ਨੂੰ ਦੇਣ ਵਾਸਤੇ ਖੇਸ, ਟਟੇ, ਦਾਣੇ, ਦਾਣਿਆ ਉਪਰ ਰੁਪਈਏ ਤੇ ਹੋਰ ਨਿਕ ਸੁੱਕ ਲਈ ਬੈਠੀਆਂ ਸਨ। ਪੰਡਤ ਆਪਣੀ ਨਿੱਕ ਸੁੱਕ ਵਾਲੀ ਪਟਾਰੀ ਖੋਲੀ ਬੈਠਾ ਸੀ। ਪੰਡਤ ਕੋਈ ਚਾਲੀ-ਪੰਜਤਾਲੀ ਸਾਲ ਦਾ ਅਧਖੜ ਪਰ ਹੋਟਾ ਕੱਟਾ ਕਲੀਨ ਸ਼ੇਵ ਸੀ। ਉਸਦੇ ਨਾਲ ਕਿ ਸਤਾਰਾਂ ਅਠਾਰਾਂ ਸਾਲ ਦਾ ਮੁੰਡਾ ਸੀ ਜੋ ਚੁੱਪ ਚਾਪ ਬੈਠਾ ਸੁਣ ਰਿਹਾ ਸੀ। ਪੰਡਤ ਦਾ ਮੁੰਡਾ ਹੋਵੇਗਾ ਜਾਂ ਚੇਲਾ ਬਾਲਕਾ ਹੋਵੇਗਾ। ਪੰਡਤ ਜੱਟਾਂ ਦੇ ਵਹਿੜਕਾ ਕੱਢਣ ਵਾਂਗ ਉਸਨੂੰ ਆਪਣੇ ਵਾਲੇ ਧੰਦੇ ਵਿਚ ਹਾਲੀ ਕੱਢ ਰਿਹਾ ਸੀ। ਪੰਡਤ ਦੀ ਆਟੇ ਦਾਣੇ ਨਾਲ ਭਰੀ ਉਸਦੀ ਥੈਲੀ ਉਸਦੇ ਹੁਨਰ ਦੀ ਪੁਸ਼ਟੀ ਕਰ ਰਹੀ ਸੀ। ਉਸਦੀ ਪੈਂਤ ਚਾਲ ਤੇ ਬੁੜੀਆਂ ਕੁੜੀਆਂ ਨੇ ਪਿੱਛੇ ਤੋਂ ਕੇ ਦੇਖਿਆ। ਸਤਨਾਮ ਦਾ ਆਉਣਾ ਪੰਡਤ ਨੂੰ ਵੀ ਚੰਗਾ ਨਾ ਲੱਗਿਆ। ਸਭ ਦੇ ਚਿਹਰਿਆਂ ਤੇ ਝੁੰਜਲਾਏ ਹੋਏ ਹਾਵ-ਭਾਵ ਸਾਫ ਦਿਸ ਰਹੇ ਸਨ। ਪੰਡਤ ਦੇ ਮੱਥੇ ਤੇ ਪੁੜਪੁੜੀਆਂ ਤੱਕ ਲਗਾਇਆ ਲਾਲ ਰੰਗ ਦਾ ਤਿਲਕ ਪਸੀਨੇ ਦੀਆਂ ਬੂੰਦਾਂ ਕਾਰਨ ਐਂਬੈਸਟਰ ਕਾਰ ਦੇ ਬੰਪਰ ਵਾਂਗ ਚਮਕ ਰਿਹਾ ਸੀ। ਗੱਲ ਵਿਚ ਫਿੱਕੇ ਹਰੇ ਤੇ ਪੀਲੇ ਮਣਕਿਆਂ ਅਤੇ ਗੀਠਿਆਂ ਦੀਆਂ ਪਹਿਨੀਆਂ ਮਲਾਵਾਂ ਆਪਸ ਵਿਚ ਉਲਝੀਆਂ ਪਈਆਂ ਸਨ। ਪੰਡਤ ਮਹਾਤਮਾ ਗਾਂਧੀ ਵਰਗੀਆਂ ਗੋਲ ਸ਼ੀਸ਼ੇ ਦੀਆਂ ਐਨਕਾਂ ਵਿਚੋਂ ਦੀ ਉਸ ਵੱਲ ਝਾਕਿਆ ਤੇ ਆਪਣੀ ਪੁਸ਼ਤੈਨੀ ਭਾਸ਼ਾ 'ਚ ਬੋਲਿਆ, "ਆਓ ਬੱਚਾ ਆਓ, ਬੜਾ ਭਾਗਾਂ ਵਾਲਾ ਮਸਤਕ ਐ ਜਜਮਾਨਾਂ, ਤੂੰ ਕਰਦਾ ਸਿੱਧਾ ਏ ਪਰ ਪੈਂਦਾ ਪੁੱਠਾ ਏ, ਮਸਤਕ ਦੀਆਂ ਰੇਖਾਵਾਂ ਸ਼ਨੀ ਦੀ ਗਰਦਿਸ਼ ਵਿਚ ਹਨ। ਬੜੀਆਂ ਕੋਸ਼ਿਸ਼ਾਂ ਕੀਤੀਆਂ ਪਰ ਫਲ ਨਹੀਂ ਮਿਲਿਆ ਜਜਮਾਨਾਂ ਇਸ ਪੰਡਤ ਨੇ ਸਭ ਕੁਝ ਪੜ੍ਹ ਲਿਆ ਏ ਜਾਣ ਲਿਆ ਏ ਤੇ..." ਉਹ ਕਿੰਨਾ ਕੁਝ ਬੋਲਦਾ ਗਿਆ ਤੇ ਉਹ ਵਰਾਂਡੇ ਦੇ ਸਿਰੇ ਵੱਲ ਬਣੀ ਬੈਠਕ ਵੱਲ ਵਧਿਆ। ਉਸਨੂੰ ਪੰਡਤ ਮੁਹਰੇ ਪਿਆ ਨਿੱਕ ਸੁੱਕ ਦੇਖ ਕੇ ਚੀਹ ਚੜ ਗਈ ਸੀ ਕਿ ਇਕ ਲਫੰਡਰ ਦਸ ਬੁੜੀਆਂ ਨੂੰ ਬੇਵਕੂਫ ਬਣਾ ਕੇ ਪੰਜ-ਸੌਂਤ ਸੋ ਨੂੰ ਚੂੰਕ ਲਾ ਰਿਹਾ ਏ। ਉਹ ਵੀ ਉਸਦੇ ਆਪਣੇ ਘਰੇ ਤੇ ਉਹ ਮਾਂ ਵੱਲੋਂ ਮੂੰਹ ਬੰਨਣ ਤੇ ਕੁਝ ਵੀ ਨਹੀਂ ਕਰ ਸਕਿਆ। ਬੁੜੀਆਂ 'ਚ ਬੈਠੀ ਬੇਬੇ ਪੂਰੀ ਖੁਸ਼ ਸੀ। ਉਹ ਪੰਡਤ ਵੱਲੋਂ ਦਿੱਤੇ ਸੁਝਾਵਾਂ ਨੂੰ ਦੁਹਰਾਉਂਦੀ ਹੋਈ ਕਹਿ ਰਹੀ ਸੀ "ਬੇਬੇ ਜੀ ਪੰਡਤ ਜੀ ਨੇ ਜਿਵੇਂ ਦੱਸਿਐ ਉਵੇਂ ਕਰਨਾ ਸਤਨਾਮਾ ਲੈ ਕੇ ਕੁੜੀ ਦੇ ਸਿਰ ਤੋਂ ਦੀ ਛੁਹਾ ਕੇ ਨਾਰੀਅਲ ਦੇ ਨਾਲ ਨਹਿਰ ਵਿਚ ਤਾਰ ਆਵੀਂ। ਜਲ ਦੇ ਜੀਅ ਜੰਤਾਂ ਦੇ ਢਿੱਡ ਵਿਚ ਜਾਵੇਗਾ ਤਾਂ ਉਹ ਅਸੀਸਾਂ ਦੇਣਗੇ ਤੇ ਕਸ਼ਟ ਦੂਰ ਹੋਊ - ਸਮਝਗੀ ਨਾ..." "ਹਾਂ ਧੀਏ ਸਭ ਕੁਝ ਸਮਝ ਗਈ ਆਹ ਤਾਂ ਤੂੰ ਮੇਰਾ ਪੁੰਨ ਖੱਟ ਲਿਆ।" "ਐਮਾ ਜੀ ਬੁਰੇ ਸਮੇਂ ਦਾ ਕਿਹੜਾ ਪਤਾ ਲੱਗਦੇ ਆਪਾਂ ਹੋਏ ਆਮ ਪ੍ਰਾਣੀ, ਆਪਣੇਤ 'ਜ ਦੋਕ ਪਾਲ' ਚਪੇਂਦੀਐਂ ਫਰਪ ਤਾ ਲੱਗਦੇ, ਦਿਲ ਮੋਠ ਹੋਵੇ ਤਾਂ ਡਾਕਟਰ ਵੱਲ ਭੱਜੀਦੇ, ਮੇਰਾ ਆਹ ਕੰਵਰਪਾਲ ਰਿਹਾੜ ਕਰੇ ਤਾਂ ਮੈਂ ਫੌਰਨ ਸਮਝ ਜਾਂਦੀ ਹਾਂ ਕਿ ਕਿਸੇ ਕੁਲਹਿਣੀ ਦੀ ਨਜ਼ਰ ਲੱਗ ਗਈ ਐ ਮੈਂ ਤਾਂ ਫੌਰਨ ਪੰਜ ਮਿਰਚਾਂ ਇਹਦੇ ਸਿਰ ਤੋਂ ਦੀ ਵਾਰ ਕੇ ਚੁੱਲੇ 'ਚ ਸੁੱਟ ਦਿੰਦੀ ਹਾਂ। ਇਹ ਕੀਤਾ ਨਹੀਂ ਤੇ ਜੁਆਕ ਚੁੱਪ ਹੋਇਆ ਨਹੀਂ। ਜੇ ਫਿਰ ਵੀ ਨਾ ਹਟੇ ਤਾਂ ਗੁਰਦੁਆਰੇ ਵਾਲੇ ਭਾਈ ਤੋਂ ਜਾ ਕੇ ਹਥੌਲਾ ਕਰਵਾ ਕੇ ਪਾਣੀ ਕਰਵਾ ਲਿਆਈਦਾ ਹੈ ਤੇ ਮੁੰਡਾ ਨੋ ਬਰ ਨੌ - ਹੁਣ ਇਹ ਗੱਲਾਂ ਆਪਾਂ ਨੂੰ ਥੋੜੋ ਪਤਾ ਐ। ਭੈਣੇ ਜੇ ਹੱਥ ਤੰਗ ਹੋਵੇ ਤਾਂ ਕਿਸੇ ਭੈਣ-ਭਾਈ ਜਾਂ ਆੜਤੀਏ ਵੱਲ ਭੱਜੀਦੇ - ਦਿਨ ਪੁੱਠੇ ਚੱਲ ਰਹੇ ਹੋਣ ਤਾਂ ਕਿਸੇ ਸਿਆਣੇ ਵੱਲ ਭੱਜੀਦਾ" ਬੇਬੇ ਐਮਾ ਜੀ ਤੇ ਆਪਣੀਆਂ ਦਲੀਲਾਂ ਦਾ ਪੂਰਾ ਵਿਖਿਆਨ ਝਾੜ ਰਹੀ ਸੀ। ਬੇਬੇ ਉਹਦੇ ਵਾਂਗ ਕਿਉਂ ਨਹੀਂ ਸੋਚਦੀ ਕਿਉਂ ਨਹੀਂ ਸਮਝਦੀ? ਉਹ ਬੇਬੇ ਦੀ ਹੋਂਦ ਦਾ ਹਿੱਸਾ ਹੈ ਉਸ ਨੇ ਸੋਚਿਆ। "ਚੱਲ ਐਮਾਂ ਜੀ ਮੈਂ ਤੇਰੇ ਨਾਲ ਚੱਲਦੀ ਆਂ - ਕੁੜੇ ਸਤਬੀਰ ਕੁੜੇ ਧੀਏ - ਆਹ ਫੜੀ ਕੰਵਰ ਨੂੰ ਮੈਂ ਐਮਾ ਜੀ ਨਾਲ ਆਵਾਂ। ਬਾਬਾ ਜੀ ਤੁਸੀਂ ਬੈਠੋ ਅਸੀਂ ਹੁਣੇ ਅੱਧੇ-ਪੌਣੇ ਘੰਟੇ 'ਚ ਤੁਹਾਡੇ ਵਾਸਤੇ ਸੌਰ ਕੌਪੜੀ ਤੇ ਹੋਰ ਸਮਾਨ ਲੈ ਕੇ ਹੁਣੇ ਆਈਆਂ।" ਇਹ ਕਹਿ ਬੇਬੇ ਸਤਬੀਰ ਨੂੰ ਮੁੰਡਾ ਫੜਾ ਕੇ ਵਡੇਰੀ ਉਮਰ ਕਾਰਨ ਹੌਲੀ ਹੌਲੀ ਤੁਰਦੀ ਐਮਾ ਜੀ ਨਾਲ ਵਿਹੜਾ ਪਾਰ ਕਰ ਰਹੀ ਸੀ। ਉਸਨੂੰ ਲੱਗਾ ਕਿ ਆਂਢ-ਗੁਆਂਢ ਦੀਆਂ ਕੁੜੀਆਂ ਚੁੱਪ ਚਾਪ ਬੈਠੀਆਂ ਹਨ ਤੇ ਉਸਦੀ ਮੌਜੂਦਗੀ ਤੋਂ ਝਿਜਕ ਰਹੀਆਂ ਹਨ। ਉਹ ਬੈਠਕ 'ਚੋਂ ਪੱਖਾ ਬੰਦ ਕਰਕੇ ਨਿਕਲਿਆ ਤੇ ਕੁਤਰੇ ਵਾਲੀ ਮਸ਼ੀਨ ਦੇ ਟੋਕੇ ਤਿੱਖੇ ਕਰਨ ਲੱਗਾ। ਕੁਝ ਸਮੇਂ ਬਾਅਦ ਕੁੜੀਆਂ ਤੇ ਬੁੜੀਆਂ ਪੰਡਤ ਕੋਲੋਂ ਝੂਠੀਆਂ ਤਸੱਲੀਆਂ ਤੇ ਸੁਪਨਿਆਂ ਦੇ ਸਬਜ਼ ਬਾਗ ਲੈ ਕੇ ਤੁਰਨ ਲੱਗੀਆਂ। ਇਨ੍ਹਾਂ ਬੁੜੀਆਂ ਦੇ ਨਾਲ ਹੀ ਪਾਂਡੇ ਦਾ ਸਹਾਇਕ ਲੜਕਾ ਸਿਰ ਤੇ ਖੇਸਾ ਟੋਟਿਆਂ ਤੇ ਹੋਰ ਨਿੱਕ ਸੁੱਕ ਦੀ ਪੰਡ ਲੈ ਕੇ ਜਾ ਰਿਹਾ ਸੀ। ਉਸਨੂੰ ਲੱਗਾ ਕਿ ਲੀਡਰਾਂ ਤੇ ਪੰਡਤਾਂ ਵਿਚ ਕੋਈ ਫਰਕ ਨਹੀਂ ਇਹ ਸਾਰੇ ਹੀ ਲੋਕਾਂ ਦੇ ਜਜ਼ਬਿਆਂ ਦੀ ਤਜਾਰਤ ਕਰਦੇ ਹਨ ਲੀਡਰ ਲੋਕਾਂ ਨੂੰ ਇਹ ਕਹਿੰਦੇ ਹਨ ਕਿ ਤੁਹਾਡੀ ਮਾੜੀ ਹਾਲਤ ਇਸ ਕਰਕੇ ਹੈ ਕਿ ਤੁਸੀਂ ਫਲਾਣੀ ਲੋਟੂ ਪਾਰਟੀ ਦੀ ਸਰਕਾਰ ਬਣਾਈ ਜੇ ਸਾਡੀ ਬਣਾਈ ਹੁੰਦੀ ਤਾਂ ਫਿਰ ਤੁਹਾਡਾ ਇਹ ਹਾਲ ਨਾ ਹੁੰਦਾ। ਤੁਸੀਂ ਸਾਡੀ ਪਾਰਟੀ ਨਾਲ ਧੋਖਾ ਦਿਖਾਇਆ ਤੇ ਸਾਡੀ ਪਾਰਟੀ ਤੁਹਾਡੇ ਨਾਲ ਰੁੱਸੀ ਹੋਈ ਐ। ਪੰਡਤ ਕਹਿੰਦਾ ਹੈ ਕਿ ਤੁਹਾਡੀ ਹਾਲਤ ਇਸ ਕਰਕੇ ਮਾੜੀ ਐ ਕਿ ਤੁਸੀਂ ਕਰੋਪ ਹੋਏ ਗ੍ਰਹਿਆਂ ਦਾ ਉਪਾਓ ਨਹੀਂ ਕੀਤਾ ਇਸ ਕਰਕੇ ਤੁਹਾਡੀ ਹਾਲਤ ਮਾੜੀ ਹੈ। ਇਨ੍ਹਾਂ ਦਾ ਉਲੂ ਬਣਾਇਆ ਮਨੁੱਖ ਗਧੀ ਗੇੜ ਵਿਚ ਪਿਆ ਰਹਿੰਦਾ ਹੈ। ਆਮ ਮਨੁੱਖ ਬੇਬੇ ਵਾਂਗ ਗੁਰੂ ਦੀ ਸਖਸ਼ੀ ਕਰੰਗੜੀ ਹਵਾ ਲਆਉਣਾ ਜਾਂ ਬਾਹਰ ਕੱਢਣਾ ਉਚਿਤ ਹੀ ਨਹੀਂ ਸਮਝਦਾ। ਅਕਲ ਬਿਨਾ ਇਹ ਸੰਭਵ ਨਹੀਂ ਹੈ। ਆਮ ਬੰਦੇ ਦੀ ਅਕਲ ਤਾਂ ਪਾਂਡਿਆਂ, ਪਾਂਧਿਆਂ, ਸੰਤਾਂ ਦੇ ਵੱਗ ਤੇ ਪਾਰਟੀਆਂ ਕੋਲ ਗਹਿਣੇ ਪਈ ਹੋਈ ਹੈ। ਗੁਰੂ ਸਾਹਿਬ ਨੇ ਤਾਂ ਕਿਹੈ ਕਿ ਜਦ ਸੀਸ ਤਲੀ ਤੇ ਧਰੀਏ ਤਾਂ ਇਨਕਲਾਬ ਆਉਂਦੇ ਨੇ, ਉਨ੍ਹਾਂ ਲੋਕਾਂ ਦਾ ਕੀ ਕਰੀਏ ਜੋ ਇਸ ਸੀਸ ਨੂੰ ਥਾਂ-ਥਾਂ ਤੇ ਝੁਕਾਉਂਦੇ ਨੇ। ਇਨ੍ਹਾਂ ਖਿਆਲਾਂ ਦਾ ਪ੍ਰਵਾਹ ਸਤਨਾਮ ਅੰਦਰ ਠਾਠਾਂ ਮਾਰ ਰਿਹਾ ਸੀ। ਅਜਿਹੇ ਖਿਆਲ ਨੂੰ ਜਾਗ ਉਸ ਸਮੇਂ ਲੱਗਾ ਜਦ ਉਸਦੀ ਮਾਸੀ ਮਾਸੜ ਦੀ ਜ਼ਮੀਨ ਤੇ ਤਕੜਿਆਂ ਨੇ ਫੈਕਟਰੀ ਲਗਾਉਣ ਲਈ ਕਬਜ਼ਾ ਕਰ ਲਿਆ। ਮਾਸੀ-ਮਾਸੜ ਤੇ ਜੁਆਕਾਂ ਦਾ ਰੋ-ਰੋ ਬੁਰਾ ਹਾਲ ਸੀ ਕਿਧਰੇ ਕੋਈ ਸੁਣਵਾਈ ਨਹੀਂ ਸੀ। ਫਿਰ ਕਿਸਾਨ ਜਥੇਬੰਦੀ ਨੇ ਇਹ ਮਸਲਾ ਚੁੱਕਿਆ ਤੇ ਉਹ ਇਨ੍ਹਾਂ ਇਕੱਠਾਂ ਵਿਚ ਜਾਣ ਲੱਗ ਪਿਆ ਸੀ। ਕੁਤਰੇ ਵਾਲੀ ਮਸ਼ੀਨ ਦੇ ਟੋਕੇ ਤਿੱਖੇ ਹੋਣ ਤੇ ਉਸਨੇ ਨਜ਼ਰ ਉਠਾਈ ਤੇ ਦੇਖਿਆ ਕਿ ਪੰਡਿਤ ਅੱਖਾਂ ਬੰਦ ਕਰੀ ਵਰਾਂਡੇ ਵਿਚ ਬੈਠਾ ਸੀ। ਉਸਦੀ ਪਤਨੀ ਚੁੱਲੇ ਚੌਕੇ ਦਾ ਆਹਰ ਕਰ ਰਹੀ ਸੀ। ਕੰਵਰਪਾਲ ਦਾਦ ਤੇ ਲਾਇਆ ਹੋਇਆ ਸੀ। ਉਸਨੂੰ ਬਾਹਰ ਆਇਆਂ ਦੇਖ ਉਸ ਕਿਹਾ "ਜੀ ਬੇਬੇ ਨੇ ਤਾਂ ਕਾਫੀ ਚਿਰ ਲਾਤਾ ਜੇ ਘਰੇ ਹੁੰਦੀ ਤਾਂ ਕੰਵਰਪਾਲ ਨੂੰ ਫੜ ਲੈਂਦੀ ਤਾਂ ਮੈਂ ਰੰਗ ਲਾ ਦਿੰਦੀ। ਪੱਠਿਆਂ ਦਾ ਵੇਲਾ ਹੋ ਗਿਆ ਏ ਤੇ ਪਸ਼ੂ ਕਿੱਲਿਆਂ ਤੇ ਗੇੜੇ ਲੈ ਰਹੇ ਹਨ। ਉਸ ਕੰਵਰ ਨੂੰ ਦਾਦ ਤੇ ਅਗਾਸਦਿਆਂ ਤੇ ਉਪਰ ਚੜੀਆਂ ਵੰਗਾਂ ਨੂੰ ਗੁੱਟ ਵੱਲ ਖਿਚਦਿਆਂ ਕਿਹਾ। ਪਸੀਨੇ ਨਾਲ ਉਸਦਾ ਵੀ ਕਮੀਜ਼ ਭਿੱਜਿਆ ਪਿਆ ਸੀ। ਇਕ ਹੁੰਮਸ ਜਿਹੀ ਆ ਰਹੀ ਸੀ। ਅਚਾਨਕ ਉਸਨੂੰ ਭੁਲਨਾ ਭੁਰਿਆ।

"ਪੰਡਤ ਜੀ ਆ ਜੇ-ਜਿਨਾ ਚਿਰ ਸਾਮੀ ਨੀ ਆਉਂਦੀ ਥੋੜ੍ਹੀ ਬਹੁਤੀ ਵਰਜਿਸ਼ ਕਰ ਲੋ ਦਿਹਾੜੀ ਤਾਂ ਚੋਖੀ ਪੈ ਹੀ ਗਈ ਐ" ਉਸ ਪੰਡਤ ਕੋਲੋਂ ਆ ਕੇ ਕਿਹਾ ਤਾਂ ਪੰਡਤ ਤ੍ਰਭਕਿਆ। "ਹੈਂ - ਅ - ਅ ਭਗਤਾ ਸ਼ੁਭ ਸ਼ੁਭ ਬੋਲ ਅਸੀਂ ਪੰਡਤ ਲੋਕ ਤੇ ਇਹ ਕੰਮ ਹਰੇ ਰਾਮ ਹਰੇ ਰਾਮ, ਬੱਚਾ। ਸੰਤਾਂ ਨਾਲ ਮਜਾਕ ਨੀਂ ਕਰੀਦੇ।" ਪੰਡਤ ਨੇ ਹਕਲਾਉਂਦੇ ਹੋਏ ਕਿਹਾ। "ਕਿਉਂ? ਜਿਨਾ ਦੇ ਘਰ ਭਗਲੀ ਭੁੱਕੀ ਫਿਰਦਾ ਏਂ ਉਹ ਇਹ ਕੰਮ ਨੀਂ ਕਰਦੇ। ਤੇਰਾ ਤੇਰੀ ਫੁਲਕਾ ਤਾਂ ਸਾਡੇ ਵਰਗੇ ਘਰਾਂ 'ਚੋਂ ਹੀ ਚਲਦੈ। ਜੇ ਕੁਝ ਸਮਾਂ ਹੱਥੀਂ ਕਿਰਤ ਕਰਲੇਂਗਾ ਤਾਂ ਕੀ ਘਸ ਜੂ - ਪੰਡਤਾ ਅਸੀਂ ਬੋਝੀਆ ਸੁਣਦੇ ਹਾਂ ਐਂਜ ਨੂੰ ਦਸਾਂ ਨੌਹਾਂ ਦੀ ਕਿਰਤ ਕਰਨ ਵਾਲੇ ਦੀ ਸੁਣ "ਇਹ ਸੁਣਕੇ ਪੰਡਤ ਉਸਦੇ ਮੂੰਹ ਵੱਲ ਝਾਕਿਆ ਤੇ ਸਤਨਾਮ ਬੋਲਿਆ "ਹੱਥੀਂ ਕਿਰਤ ਕਰਦੇ ਤੇਰਾ ਜਨਮ ਸਫਲਾ ਹੋ ਜੂ" ਇਹ ਕਹਿ ਉਸਨੇ ਦਲਾਨ ਅੰਦਰ ਜਾ ਕੇ ਅੰਦਰੋਂ ਅਰਲ ਲਗਾ ਦਿੱਤਾ।" ਇਹ ਦੇਖਕੇ ਪੰਡਤ ਦਾ ਚੇਹਰਾ ਫੱਕ ਹੋ ਗਿਆ। "ਪੰਡਤਾ ਭੱਜ ਤਾਂ ਤੂੰ ਹੁਣ ਸਕਦਾ ਨਹੀਂ। ਔਹ ਸਾਹਮਣੇ ਪਈ ਪਰਾਣੀ ਦੌਹਦੀ ਐ ਨਾ ਅਸੀਂ ਤਾਂ ਸਾਡੇ ਨਾਲ ਕਿਰਤ ਕਰਕੇ ਗਊ ਦੇ ਜਾਏ ਦੇ ਕੁਝ ਸੋਠਾ ਪੈਣ ਤੇ ਪਰਾਣੀ ਮਾਰਨ ਲੱਗੇ ਤਰਸ ਨਹੀਂ ਕਰਦੇ ਤੂੰ ਤਾਂ ਵਿਹਲੜ ਵੱਢਾ ਏਂ ਹੁਣ ਦੱਸ ਪੱਠੇ ਕੁਤਰ ਕੇ ਦਸਾਂ ਨੌਹਾਂ ਦੀ ਕਿਰਤ ਦਾ ਭਾਗੀ ਬਣਨੈ ਕਿ ਬਲਦ ਵਾਲੀ ਪਰਾਲੀ ਖਾਣੀ ਐਂ" ਇਹ ਸੁਣਕੇ ਉਸਦੀ ਪਤਨੀ ਬੋਲੀ "ਮਖਿਆ ਇਹ ਕੀ ਕਰਕੇ ਓ ਜੀ, ਬੇਬੇ ਆ ਗਈ ਤਾਂ ਗੁੱਸੇ ਹੋਵੇਗੀ" "ਸਤਬੀਰ ਤੂੰ ਵਿਚ ਨਾ ਆ, ਬੇਬੇ ਨੂੰ ਆਪੇ ਸਮਝਾ ਦੇਵਾਂਗਾ ਤੂੰ ਚੁੱਪ ਕਰਕੇ ਤਮਾਸ਼ਾ ਦੇਖ" ਪਤਨੀ ਉਸਦੇ ਤੇਵਰ ਦੇਖ ਸਹਿਮ ਕੇ ਵਰਾਂਡੇ ਵਿਚ ਬੈਠ ਗਈ ਤਿੰਨ ਸਾਲਾਂ ਦੀ ਵਿਆਹੁਤਾ ਜ਼ਿੰਦਗੀ 'ਚ ਉਸਨੇ ਸਤਨਾਮ ਇਸ ਲਹਿਜੇ 'ਚ ਨਹੀਂ ਤੱਕਿਆ ਸੀ। "ਬੱਚਾ ਤੂੰ ਨਦਾਨ ਏਂ, ਤੂੰ ਠੀਕ ਨਹੀਂ ਕਰ ਰਿਹਾ - ਪੰਡਤ ਪ੍ਰੋਹਤ ਦੇ ਮੂੰਹੋਂ ਨਿਕਲੀ ਬਦ-ਅਸੀਸ ਅਜਾਈ ਨਹੀਂ ਜਾਂਦੀ ਪ੍ਰਮਾਤਮਾ ਸਭ ਕੁਝ ਦੇਖ ਰਿਹੈ ਅਜੇ ਵੀ ਸੰਭਲ ਜਾ" ਪੰਡਤ ਨੇ ਡਰਾਵੇ ਦਾ ਪੱਤਾ ਖੇਡਿਆ "ਗੱਲ ਸੁਣ ਓ ਪੰਡਤਾ ਜਦੋਂ ਦੇ ਅਸੀਂ ਜਨਮੇਂ ਹਾਂ ਰੱਬ ਸਾਨੂੰ ਉਦੋਂ ਦਾ ਹੀ ਦੇਖਦੈ, ਸਾਨੂੰ ਪੋਹ ਮਾਘ ਦੀਆਂ ਰਾਤਾਂ ਨੂੰ ਪਾਣੀ ਲਗਾਉਂਦਿਆਂ, ਭਾਦੋਂ ਦੀ ਇਸ ਹੁਮਸ ਵਿਚ ਪੱਠੇ ਵੱਢਦਿਆਂ ਨੂੰ ਕੁਤਰਦਿਆਂ ਨੂੰ, ਕਰੇਲਿਆਂ ਤੇ ਰੂੰਗਾ ਲਾਉਂਦਿਆਂ ਨੂੰ, ਮੰਡੀ ਵਿਚ ਬੋਲੀ ਉਡੀਕਦਿਆਂ ਨੂੰ, ਮੌਸਮਾਂ ਦੀ ਮਾਰ 'ਚ ਅਹਿਓਂ ਛੂਹ ਹੁੰਦੀ ਸਾਡੀ ਕਿਰਤ ਨੂੰ, ਜ਼ਮੀਨਾਂ ਖੋਹਦੇ ਮਿੱਲ ਮਾਲਕਾਂ ਨੂੰ, ਕਰਜ਼ੇ ਦੇ ਹੇਠ ਆ ਕੇ ਖੁਦਕਸ਼ੀ ਕਰਦਿਆਂ ਨੂੰ ਰੱਬ ਸਭ ਦੇਖਦਾ ਏ। ਜੇ ਐਂਜ ਦਸਾਂ ਨੌਹਾਂ ਦੀ ਕਿਰਤ ਕਰਨ ਵਾਲੇ ਜੱਟ ਨਾਲ ਪੰਡਤ ਨੂੰ ਪੱਠੇ ਕੁਤਰਦਿਆਂ ਦੇਖ ਲਵੇਗਾ ਤਾਂ ਰੱਬ ਨੂੰ ਲੁਜ ਮੇਬਨ ਨੀ ਲੱਗਣ ਲੱਗੇ ਰੱਬ ਤੇਰਾ ਇਕੱਲੇ ਦਾ ਨਹੀਂ ਹੈ - ਦੇਖ ਪੰਡਤਾ ਮੇਰੀ ਮਾਂ ਨੇ ਮੇਰਾ ਨਾਮ ਸਤਨਾਮ ਰੱਖਿਐ ਉਹ ਵੀ ਗੁਰਬਾਣੀ ਵਾਲਾ। ਫਿਰ ਵੀ ਮੇਰੇ ਵਰਗੇ ਕਿੰਨੇ ਹੀ ਸੱਚੀ ਕਿਰਤ ਕਰਨ ਵਾਲੇ ਸਤਨਾਮ ਏਥੇ ਰੁਲਦੇ ਫਿਰਦੇ ਹਨ। ਪੰਡਤਾ ਇਸ ਗੱਲ ਤੇ ਗੁੱਸਾ ਵੀ ਆਉਂਦੈ ਸ਼ਾਇਦ ਤੇਰੀ ਪੋਥੀ ਵਿਚ ਵੀ ਇਸ ਗੱਲ ਦਾ ਕੋਈ ਜਵਾਬ ਨਹੀਂ ਹੋਵੇਗਾ ਕਿ ਦੁਨੀਆ ਦੀ ਸਾਰੀ ਲਾਹਨਤ ਸਾਡੇ ਵਰਗੇ ਲੋਕਾਂ ਦੇ ਹਿੱਸੇ ਹੀ ਕਿਉਂ ਆਉਂਦੀ ਹੈ। ਜੇ ਤਾਂ ਤੇਰੀ ਵਿੱਦਿਆ 'ਚ ਇਸਦਾ ਜਵਾਬ ਹੈ ਤਾਂ ਦੱਸਦੇ ਨਹੀਂ ਤਾਂ ਪੰਡਤਾਂ ਸਿੱਧਾ ਹੋ ਕੇ ਮਸ਼ੀਨ ਵੱਲ ਤੁਰਪਾ - ਔਹ ਦੇਖ ਬੇਜ਼ੁਬਾਨ ਡੰਗਰ ਕਿੱਲੇ ਤੇ ਗੇੜੇ ਲੈ ਰਹੇ ਆ।" ਉਸ ਸਖਤੀ ਨਾਲ ਕਿਹਾ ਪੰਡਤ ਮਨ ਹੀ ਮਨ ਪਛਤਾ ਰਿਹਾ ਸੀ ਕਿ ਜੇ ਉਸਨੂੰ ਪਤਾ ਹੁੰਦਾ ਕਿ ਉਸ ਨਾਲ ਇੰਜ ਹੋਣੀ ਏ ਉਹ ਇਸ ਘਰ ਵੱਲ ਮੂੰਹ ਹੀ ਨਾ ਕਰਦਾ। ਹੁਣ ਜੱਟ ਵੀ ਭੂਰੀ ਆਇਆ ਹੋਇਆ ਸੀ ਦਲਾਨ ਦਾ ਬਾਰ ਬੰਦ ਸੀ ਤੇ ਪਰਾਣੀ ਉਸਦੇ ਹੱਥ ਵਿਚ ਸੀ। ਉਸਨੇ ਬਹੁਤ ਸਮਾਂ ਪਹਿਲਾਂ ਸੁਣਿਆ ਸੀ ਕਿ ਜੱਟ ਪਿਆਸੀ ਲੋਸੀ ਤੇ ਗਲ ਵਿਚ ਪਾ ਲੀ ਰੱਸੀ ਤੇ ਉਹ ਗੱਲ ਉਸ ਨਾਲ ਵਾਪਰ ਰਹੀ ਸੀ। ਉਹ ਪਛਤਾ ਰਿਹਾ ਸੀ ਕਿ ਗਿਰਧਾਰੀ ਲਾਲ ਨੂੰ ਖੇਸਾਂ ਦੀ ਪੰਡ ਚੁਕਾ ਕੇ ਕਿਉਂ ਭੇਜਿਆ ਜੇ ਉਹ ਹੁੰਦਾ ਤਾਂ ਦੋਵੇਂ ਰਲ ਕੇ ਮਸ਼ੀਨ ਗੇੜ ਲੈਂਦੇ। ਮੂੰਹ ਵਿਚ ਬੁੜ ਬੁੜ ਕਰਦਾ ਪੰਡਤ ਮਸ਼ੀਨ ਵੱਲ ਵਧਿਆ ਸਤਨਾਮ ਮਸ਼ੀਨ ਦੇ ਪਰਨਾਲੇ ਕੋਲ ਖੜ ਗਿਆ ਤੇ ਉਸਨੇ ਪੰਡਤ ਨੂੰ ਕੁਤਰੇ ਵਾਲੀ ਮਸ਼ੀਨ ਦੇ ਡੰਡੇ ਵੱਲ ਹੱਥ ਕੀਤਾ। ਪੰਡਤ ਮਸ਼ੀਨ ਗੇੜਨ ਲੱਗਾ ਤੇ ਸਤਨਾਮ ਨੇ ਚਰੀ ਦੇ ਰੁੱਗ ਲਗਾਉਣੇ ਸ਼ੁਰੂ ਕਰ ਦਿੱਤੇ। ਪੰਡਤ ਹੌਲੀ-ਹੌਲੀ ਮਸ਼ੀਨ ਗੇੜ ਰਿਹਾ ਸੀ। ਸਤਨਾਮ ਨੇ ਕਿਹਾ "ਪੰਡਤਾਂ ਜਿਵੇਂ ਜ਼ੁਬਾਨ ਚਲਾਉਨੈ ਮਸ਼ੀਨ ਵੀ ਓਵੇਂ ਚਲਾ ਜੇ ਆਹ ਚਾਲ ਰੱਖੀ ਤਾਂ ਦੇਖ ਲੈ ਤਿੰਨ ਭਰੀਆ ਪਈਆ ਜੇ ਛੇਤੀ ਹੱਥ ਚਲਾਏਂਗਾ ਤਾਂ ਜਲਦੀ ਖਹਿੜਾ ਛੁੱਟ ਜੂ" ਇਹ ਸੁਣ ਪੰਡਿਤ ਤੇਜ਼ੀ ਨਾਲ ਮਸ਼ੀਨ ਚਲਾਉਣ ਲੱਗਾ। ਦਸਾਂ ਮਿੰਟਾਂ ਵਿਚ ਹੀ ਚਰੀ ਕੁਤਰੀ ਗਈ ਤੇ ਪੱਠੇ ਮਸ਼ੀਨ ਦੇ ਚੌਂਕਰ ਵਿਚ ਲੱਗ ਕੇ ਫੁਲਝੜੀ ਜੀ ਬਣਾਉਣ ਲੱਗੇ। ਪਸੀਨੇ ਨਾਲ ਪੰਡਤ ਦੇ ਮੱਥੇ ਤੇ ਲਗਾਇਆ ਐਂਬੈਸਡਰ ਕਾਰ ਦੇ ਬੰਪਰ ਵਰਗਾ ਤਿਲਕ ਪਸੀਨੇ ਨਾਲ ਵਹਿ ਕੇ ਪੱਠਿਆਂ 'ਚ ਰੁਲ ਚੁੱਕਾ ਸੀ। ਪਸੀਨੇ ਦੀਆਂ ਘਰਾਲਾਂ ਵਹਿ ਰਹੀਆਂ ਸਨ। ਦੂਸਰੀ ਭਰੀ ਦੇ ਦੋ ਕੁ ਰੁੱਗ ਰਹਿ ਗਏ ਸਨ। ਪੰਡਤ ਦੇ ਗਲ ਵਿਚ ਪਾਈ ਹਲਕੇ ਪੀਲੇ ਰੰਗ ਦੇ ਮਣਕਿਆਂ ਵਾਲੀ ਤੇ ਫਿੱਕੇ ਹਰੇ ਰੰਗ ਦੇ ਮਣਕਿਆਂ ਵਾਲੀ ਤੇ ਗੀਠਿਆਂ ਵਾਲੀ ਮਾਲਾ ਪੱਠੇ ਕੁਤਰਦੇ ਸਮੇਂ ਛਾਤੀ ਵਿਚ ਵੱਜ ਕੇ ਇੰਜ ਬੁੜਕ ਰਹੀ ਸੀ ਜਿਵੇਂ ਹੱਥੀਂ ਛੋਲਾ ਝਾੜਨ ਵਾਲੇ ਕਾਮਿਆਂ ਵੱਲੋਂ ਛੋਲੇ ਦਾ ਬੂਟਾ ਫੱਟੇ ਤੇ ਮਾਰਨ ਨਾਲ ਛੋਲੇ ਦੇ ਪੀਲੇ ਹਰੇ ਦਾਣੇ ਬੁੜਕਦੇ ਹਨ। ਜਦ ਆਥਣ ਦੇ ਲਈ ਪਾਉਣ ਜੋਗੇ ਪੱਠੇ ਬਣ ਗਏ ਤਾਂ ਸਤਨਾਮ ਕਿਹਾ "ਪੰਡਤ ਜੀ ਦਮ ਲੈ ਲੋ ਮੈਂ ਆਹ ਟੋਕਰਾ ਪੱਠਿਆਂ ਦਾ ਖੁਰਲੀ ਵਿਚ ਸੁੱਟ ਆਵਾਂ - ਪੰਡਤਾਂ ਨੂੰ ਤਾਂ ਐਂਜ ਕਿਰਤੀ ਬੰਦੇ ਦੇ ਹੱਥ ਵਟਾ ਕੇ ਪੁੰਨ ਖੱਟ ਲਿਆ ਜਦੋਂ ਕਾਮਿਆਂ ਦਾ ਯੁੱਗ ਆਇਆ ਤਾਂ ਸਾਰੇ ਵਿਹਲੜਾਂ ਨੂੰ ਇੰਜ ਹੀ ਕਿਰਤ ਕਰਨੀ ਪਵੇਗੀ। ਤਵਾਰੀਖ ਦੇਰ ਕਰ ਸਕਦੀ ਹੈ ਹਨੇਰ ਨਹੀਂ - ਕਦੇ ਤਵਾਰੀਖ ਦੀ ਵੀ ਪੋਥਰੀ ਦੇਖ ਲਿਆ ਕਰੋ। ਬਾਕੀ ਪੰਡਤਾਰ ਰੇਪ ਸੀਨੇਦ 'ਅ ਲਮ ਡਾਗਾਸ ਤਵੀਰਨੂੰ ਕਹਿਨੈ ਕਿ ਪੰਡਿਤ ਜੀ ਵਾਸਤੇ ਸ਼ਿਕੰਜਵੀ ਤਿਆਰ ਕਰ ਲਵੇ।" ਪੰਡਤ ਨੇ ਕੋਈ ਜਵਾਬ ਨਾ ਦਿੱਤਾ। ਉਸਦਾ ਦਮ ਪੱਟਿਆ ਹੋਇਆ ਸੀ ਤੇ ਉਹ ਲੰਬੇ ਲੰਬੇ ਸਾਹ ਲੈ ਰਿਹਾ ਸੀ। ਉਸਨੇ ਕੋਈ ਜਵਾਬ ਨਾ ਦਿੱਤਾ। ਪੱਠਿਆਂ ਦਾ ਟੋਕਰਾ ਖੁਰਲੀ ਵਿਚ ਸੁੱਟਣ ਲਈ ਜਾਂਦੇ ਸਤਨਾਮ ਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਉਸਨੇ ਇਹ ਪੰਡਤ ਨੂੰ ਕੰਮ ਤੇ ਲਾ ਕੇ ਆਪਣੇ ਅੰਦਰ ਇਨ੍ਹਾਂ ਪ੍ਰਤੀ ਭਰਿਆ ਦੀ ਪਈ ਚੀਹ 'ਚੋਂ ਕੁਝ ਹਿੱਸਾ ਐਂਜ ਖਾਰਜ ਕਰ ਦਿੱਤਾ ਹੋਵੇ। ਉਹ ਜਲਦੀ ਹੀ ਟੋਕਰਾ ਖੁਰਲੀ ਵਿਚ ਸੁੱਟ ਕੇ ਆਇਆ ਪੰਡਤ ਉਸੇ ਤਰ੍ਹਾਂ ਅੱਖਾਂ ਮੀਟੀ ਬੈਠਾ ਸੀ। ਸਤਨਾਮ ਨੇ ਕਿਹਾ, "ਯਾਰ ਪੰਡਤਾ ਇਕ ਗੱਲ ਦੱਸ ਤੂੰ ਲੋਕਾਂ ਨੂੰ ਉਨ੍ਹਾਂ ਦਾ ਭਵਿੱਖ ਤੇ ਅਗਲਾ-ਪਿਛਲਾ ਦੱਸਦਾ ਫਿਰਦਾ ਏ ਰੇਖ ਵਿਚ ਮੇਖ ਮਾਰਦਾ ਏਂ, ਗ੍ਰਹਿ ਟਾਲ ਕੇ ਸੰਕਟ ਮੋਚਨ ਕਰਦਾ ਏਂ ਪਰ ਯਾਰ ਤੈਨੂੰ ਆਵਦੇ ਭਵਿੱਖ ਦਾ ਪਤਾ ਹੀ ਨਹੀਂ ਲੱਗਿਆ ਕਿ ਇਸ ਘਰ ਸਤਨਾਮ ਸਿੰਘ ਦੇ ਨਾਲ ਪੱਠੇ ਕੁਤਰਨੇ ਪੈਣਗੇ - ਤੈਨੂੰ ਨਹੀਂ ਲੱਗਦਾ ਕਿ ਆਪਣਾ ਕੋਈ ਪਿਛਲਾ ਜਨਮਾਂ ਦਾ ਕੋਈ ਲੈਣ-ਦੇਣ ਬਾਕੀ ਸੀ ਉਸਨੇ ਪੰਡਤ ਤੇ ਟਕੋਰ ਕੀਤੀ। ਪੰਡਤ ਫੇਰ ਵੀ ਕੁਝ ਨਾ ਬੋਲਿਆ ਤੇ ਉਹ ਪੱਠਿਆਂ ਦਾ ਦੂਸਰਾ ਟੋਕਰਾ ਖੁਰਲੀ ਵਿਚ ਸੁੱਟਕੇ ਜਦ ਤੂੜੀ ਵਾਲੇ ਅੰਦਰੋਂ ਤੂੜੀ ਲੈਣ ਗਿਆ ਤਾਂ ਪੰਡਤ ਬਿਜਲੀ ਵਰਗੀ ਤੇਜ਼ੀ ਨਾਲ ਉਠਿਆ ਤੇ ਦਲਾਨ ਦਾ ਅਰਲ ਖੋਹਲ ਕੇ ਭੱਜ ਗਿਆ। ਇਹ ਦੇਖਕੇ ਕੰਵਰਪਾਲ ਦੀ ਮਾਂ ਦਾ ਵਰਾਂਡੇ ਵਿਚ ਬੈਠੀ ਦਾ ਹਾਸਾ ਬੰਦ ਨਾ ਹੋਵੇ। ਜਦ ਸਤਨਾਮ ਖਾਲੀ ਟੋਕਰਾ ਲੈ ਕੇ ਮਸ਼ੀਨ ਕੋਲ ਆਇਆ ਤਾਂ ਪੰਡਿਤ ਉਥੇ ਨਹੀਂ ਸੀ। ਵਰਾਂਡੇ ਵਿਚ ਉਸਦੀ ਆਟੇ ਤੇ ਦਾਣਿਆਂ ਦੀ ਭਰੀ ਥਗਲੀ ਤੇ ਫਿਟੀ ਪੋਥੜੀ ਕੋਲ ਪਈ ਸੀ। ਪੁਰਾਣੀ ਜੇਹੀ ਪੋਥਰੀ ਦੇ ਖਾਕੀ ਜੇਹੇ ਵਰਕਿਆਂ ਦੀ ਇਬਾਰਤ ਪੰਡਤ ਨੂੰ ਉਡੀਕ ਰਹੀ ਸੀ।